**Media Release**

ਤੁਰੰਤ ਰਿਲੀਜ ਲਈ

# ਹੁਣ ਜੋਰਜ ਹਿਚਕੋਕ ਮੈਮੋਰੀਅਲ ਐਨਡੋਮੈਂਟ ਫੰਡ ਲਈ ਅਰਜ਼ੀਆਂ ਖੁੱਲ ਗਈਆਂ ਹਨ

***ਫਾਇਰ ਸਰਵਿਸਿਜ ਵਿੱਚ ਕੈਰੀਅਰ ਬਣਾਉਣ ਦੇ ਇੱਛੁਕ ਬ੍ਰੈਂਪਟਨ ਦੇ ਵਸਨੀਕਾਂ ਨੂੰ ਅਪਲਾਈ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ***

ਬ੍ਰੈਂਪਟਨ, ਓਨਟੈਰੀਓ (1 ਮਾਰਚ, 2023) – ਕੀ ਤੁਸੀਂ ਫਾਇਰ ਸਰਵਿਸ ਵਿੱਚ ਕੈਰੀਅਰ ਬਣਾਉਣਾ ਚਾਹੁੰਦੇ ਹੋ? ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services) ਦਾ ਜੋਰਜ ਹਿਚਕੋਕ ਮੈਮੋਰੀਅਲ ਐਨਡੋਮੈਂਟ ਫੰਡ (George Hitchcock Memorial Endowment Fund) ਹੁਣ ਅਰਜ਼ੀਆਂ ਸਵੀਕਾਰ ਕਰ ਰਿਹਾ ਹੈ।

ਇਹ ਫੰਡ, ਸੁਰਗਵਾਸੀ ਡਿਵੀਜਨਲ ਚੀਫ ਜੋਰਜ ਹਿਚਕੋਕ (George Hitchcock) ਦੇ ਸਨਮਾਨ ਵਿੱਚ ਤਿਆਰ ਕੀਤਾ ਗਿਆ ਸੀ, ਜਿਹਨਾਂ ਨੇ ਫਾਇਰ ਸਰਵਿਸ ਵਿੱਚ ਆਪਣਾ ਕੈਰੀਅਰ ਬਣਾਉਣ ਵਾਲੇ ਬਹੁਤ ਸਾਰੇ ਲੋਕਾਂ ਦਾ ਮਾਰਗ ਦਰਸ਼ਨ ਕੀਤਾ ਅਤੇ ਉਹਨਾਂ ਨੂੰ ਉਤਸ਼ਾਹਿਤ ਕੀਤਾ।

ਫਾਇਰ ਸਰਵਿਸ ਵਿੱਚ ਕੈਰੀਅਰ ਬਣਾਉਣ ਵਾਲੇ ਵਿਅਕਤੀਆਂ ਲਈ, ਪੋਸਟ-ਸੈਕੰਡਰੀ ਟਿਊਸ਼ਨ ਫੀਸ ਵਾਸਤੇ 1,000 ਡਾਲਰ ਦੀ ਬਰਸਰੀ (Bursary) ਉਪਲਬਧ ਹੈ। ਬਿਨੈਕਾਰਾਂ ਲਈ ਲਾਜ਼ਮੀ ਹੈ ਕਿ ਉਹ ਫਾਇਰ-ਸਬੰਧਿਤ ਪ੍ਰੋਗਰਾਮ ਵਿੱਚ ਓਨਟੈਰੀਓ ਪੋਸਟ-ਸੈਕੰਡਰੀ ਸਕੂਲ (Ontario Post-Secondary School) ਡਿਪਲੋਮਾ ਕਰ ਰਿਹਾ ਹੋਵੇ।

**ਪ੍ਰਕਿਰਿਆ**

ਅਰਜ਼ੀ ਫਾਰਮ ਔਨਲਾਈਨ, www.bramptonfire.com ਤੇ ਉਪਲਬਧ ਹਨ ਅਤੇ ਇਹ firelife@brampton.ca ਤੇ ਭੇਜੇ ਜਾਣੇ ਲਾਜ਼ਮੀ ਹਨ। ਅਰਜ਼ੀ ਦੀ ਮਿਆਦ 14 ਅਪ੍ਰੈਲ, 2023 ਨੂੰ ਜਾਂ 30 ਬਿਨੈਕਾਰ ਮਿਲਣ ਤੇ ਖਤਮ ਹੋਵੇਗੀ।

ਚੁਣੇ ਗਏ ਉਮੀਦਵਾਰਾਂ ਦਾ ਇੰਟਰਵਿਊ ਲਿਆ ਜਾਵੇਗਾ ਅਤੇ ਇੱਕ ਬਿਨੈਕਾਰ ਨੂੰ 1,000 ਡਾਲਰ ਤੱਕ ਦੇ ਮੁੱਲ ਦੀ ਬਰਸਰੀ ਲਈ ਚੁਣਿਆ ਜਾਵੇਗਾ, ਜਿਸਦਾ ਭੁਗਤਾਨ ਸਿੱਧਾ ਕੋਰਸ ਵਿੱਚ ਦਾਖਲੇ ਲਈ ਕੀਤਾ ਜਾਵੇਗਾ। ਸਫਲ ਬਿਨੈਕਾਰ ਲਈ, ਓਨਟੈਰੀਓ ਪੋਸਟ-ਸੈਕੰਡਰੀ ਸਕੂਲ ਪ੍ਰੋਗਰਾਮ ਲਈ ਸਵੀਕ੍ਰਿਤੀ ਦਾ ਸਬੂਤ ਪ੍ਰਦਾਨ ਕਰਨਾ ਲਾਜ਼ਮੀ ਹੈ।

**ਹਵਾਲੇ:**

"ਹਰ ਸਾਲ ਸਿਟੀ ਆਫ ਬ੍ਰੈਂਪਟਨ, ਫਾਇਰ ਸਰਵਿਸਿਜ ਵਿੱਚ ਕੈਰੀਅਰ ਬਣਾਉਣ ਵਾਲੇ ਵਿਦਿਆਰਥੀਆਂ ਦੀ ਹਿਮਾਇਤ ਕਰਦੀ ਹੈ। ਅਸੀਂ ਇੱਕ ਸਿਹਤਮੰਦ, ਸੁਰੱਖਿਅਤ ਅਤੇ ਸਹਿਯੋਗਾਤਮਕ ਸ਼ਹਿਰ ਹਾਂ ਅਤੇ ਸਾਡੀ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਟੀਮ ਸਰਬੋਤਮ ਹੈ। ਮੈਂ, ਆਪਣੇ ਕੈਰੀਅਰ ਨੂੰ ਅੱਗੇ ਵਧਾਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਸਲਾਹ ਦਿੰਦਾ ਹਾਂ ਕਿ ਜੋਰਜ ਹਿਚਕੋਕ ਬਰਸਰੀ ਲਈ ਅਪਲਾਈ ਕਰੋ ਅਤੇ ਉਹਨਾਂ ਅਸਧਾਰਨ ਵਿਅਕਤੀਆਂ ਦੇ ਗਰੁੱਪ ਨਾਲ ਜੁੜਨ ਵਿੱਚ ਪਹਿਲਾ ਕਦਮ ਚੁੱਕੋ, ਜੋ ਹਰ ਰੋਜ਼ ਸਾਡੀ ਕਮਿਉਨਿਟੀ ਦੀ ਰੱਖਿਆ ਲਈ ਕੰਮ ਕਰਦੇ ਹਨ।"

- *ਪੈਟਰਿਕ ਬ੍ਰਾਉਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਸਾਡੀ ਕਮਿਊਨਿਟੀ ਵਿੱਚ ਬਹੁਤ ਸਾਰੇ ਸਮਰਪਿਤ ਅਤੇ ਯੋਗ ਵਿਅਕਤੀ ਹਨ। ਇਹ ਇੱਕ ਤਰੀਕਾ ਹੈ, ਜਿਸ ਨਾਲ ਅਸੀਂ ਫਸਟ ਰਿਸਪਾਂਡਰਸ ਦਾ ਅਸਧਾਰਨ ਨੈੱਟਵਰਕ ਬਣਾ ਰਹੇ ਹਾਂ ਅਤੇ ਸਾਰਿਆਂ ਲਈ ਇੱਕ ਸਿਹਤਮੰਦ ਅਤੇ ਸੁਰੱਖਿਅਤ ਕਮਿਊਨਿਟੀ ਤਿਆਰ ਕਰ ਰਹੇ ਹਾਂ। ਜਦੋਂ ਤੁਸੀਂ ਆਪਣੇ ਕੈਰੀਅਰ ਦੀ ਸ਼ੁਰੂਆਤ ਕਰ ਰਹੇ ਹੁੰਦੇ ਹੋ, ਤਾਂ ਇਸ ਵਰਗੇ ਮੌਕੇ ਦਰਵਾਜੇ ਖੋਲਦੇ ਹਨ ਅਤੇ ਰੁਕਾਵਟਾਂ ਦੂਰ ਕਰਦੇ ਹਨ। ਕਿਰਪਾ ਕਰਕੇ ਅਪਲਾਈ ਕਰਨ ਬਾਰੇ ਸੋਚੋ, ਜਦੋਂ ਤੁਸੀਂ ਆਪਣੇ ਭਵਿੱਖ ਦੀ ਯੋਜਨਾ ਬਣਾ ਰਹੇ ਹੋਵੋ।”

- *ਚੀਫ ਬਿਲ ਬੋਇਸ (Chief Bill Boyes), ਚੀਫ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

“ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਦੀ ਸ਼ਾਨਦਾਰ ਟੀਮ, ਕਮਿਊਨਿਟੀ ਨੂੰ ਸੇਵਾ ਪ੍ਰਦਾਨ ਕਰਦੇ ਹੋਏ ਸਿੱਖਿਆ ਅਤੇ ਵਾਧੇ ਲਈ ਮੌਕੇ ਪੇਸ਼ ਕਰ ਰਹੀ ਹੈ। ਜੋਰਜ ਹਿਚਕੋਕ ਮੈਮੋਰੀਅਲ ਐਨਡੋਮੈਂਟ ਫੰਡ, ਫਾਇਰ ਸਰਵਿਸ ਵਿੱਚ ਉੱਭਰਦੇ ਲੀਡਰਾਂ ਲਈ ਇੱਕ ਸਾਲਾਨਾ ਪ੍ਰੋਗਰਾਮ ਹੈ। ਇਹ ਐਨਡੋਮੈਂਟ ਫੰਡ ਇੱਕ ਤਰੀਕਾ ਹੈ, ਜਿਸ ਨਾਲ ਸਿਟੀ ਆਫ ਬ੍ਰੈਂਪਟਨ ਦਾ ਉਦੇਸ਼ ਉਹਨਾਂ ਦੀ ਸਹਾਇਤਾ ਕਰਨਾ ਹੈ, ਜਿਹਨਾਂ ਦੇ ਅੰਦਰ ਇਸ ਉਦੇਸ਼-ਸੰਚਾਲਿਤ ਕੰਮ ਲਈ ਜੋਸ਼ ਹੈ।”

- *ਮਾਰਲੋਨ ਕੈਲੀਡੀਨ (Marlon Kallideen), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca